# ਟਰਿੱਪਸ਼ੇਅਰਸੈੱਸਟਰਨ.ਕੋਮ

ਪਿੱਕ ਮੀ ਅੱਪ ਨਾਲ ਦਿਨ ਸ਼ੁਰੂ ਕਰੋ

## ਟਰਿੱਪਸ਼ੇਅਰਸੈੱਸਟਰਨ.ਕੋਮ ਕੀ ਹੈ?

ਜਿਹੜੇ ਡਰਾਈਵਰ ਜਾਂ ਮੁਸਾਫਿਰ ਇਕੋ ਜਿਹੇ ਸਫਰ ਕਰ ਰਹੇ ਹਨ ਅਤੇ ਇਸ ਵਿਚ ਸਾਂਝ ਕਰਨਾ ਚਾਹੁੰਦੇ ਹਨ ਉਨ੍ਹਾਂ ਦਾ ਆਪਸ ਵਿਚ ਸਬੰਧ ਜੋੜਨ ਲਈ ਇਹ ਵੈੱਬ ਤੇ ਆਧਾਰਿਤ ਮੁਫਤ ਸਕੀਮ ਹੈ।

## ਮੈਂ ਇਸ ਸਿਸਟਮ ਦੀ ਵਰਤੋਂ ਕਿਵੇਂ ਕਰਾਂ?

ਕੇਵਲ ਰਜਿਸਟਰ ਹੋਵੋ, ਵਿਉਂਤਬੰਦੀ ਵਾਲੇ ਸਫਰ ਨੂੰ ਇਸ ਵਿਚ ਐਂਟਰ (ਲਿਖੋ) ਕਰੋ ਤਾਂ ਫੇਰ ਇਹ ਸਿਸਟਮ ਕਿਸੇ ਇਹੋ ਜਿਹੇ ਡਰਾਈਵਰ/ਮੁਸਾਫਿਰ ਨੂੰ ਲੱਭੇਗਾ ਜਿਹੜਾ ਉਹੋ ਸਫਰ ਜਾਂ ਉਸੇ ਤਰ੍ਹਾਂ ਦਾ ਸਫਰ ਕਰ ਰਿਹਾ ਹੈ ਅਤੇ ਇਹ ਤੁਹਾਨੂੰ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਨ ਯੋਗ ਬਣਾਉਂਦਾ ਹੈ।

## ਇਸ ਦੇ ਕੀ ਲਾਭ ਹਨ?

ਟਰਿੱਪਸ਼ੇਅਰ ਦੀ ਵਰਤੋਂ ਕਰਨ ਵਾਲੇ ਪੈਟਰੋਲ, ਕਾਰ ਪਾਰਕਿੰਗ ਅਤੇ ਵਾਹਨ ਦੇ ਕਈ ਤਰ੍ਹਾਂ ਦੇ ਹੋਰ ਖਰਚਿਆਂ ਦੀ ਸਾਂਝ ਕਰਕੇ ਹਰ ਸਾਲ ਔਸਤਨ £1,019 ਬਚਾਉਂਦੇ ਹਨ; ਕਾਰ ਸਾਂਝ ਹਵਾ ਪ੍ਰਦੂਸ਼ਨ ਅਤੇ ਮੌਸਮ ਨੂੰ ਬਦਲਨ ਵਾਲੇ ਐਮਿਸ਼ਿੰਜ਼ (ਨਿਕਾਸ) ਨੂੰ ਘਟਾਉਂਦੀ ਹੈ ਅਤੇ ਆਵਾਜਾਈ ਦੇ ਭੀੜ–ਭੜਕੇ ਨੂੰ ਘੱਟ ਕਰਦੀ ਹੈ।

## ਬਿਜ਼ਨਿਸ ਕਿਵੇਂ ਲਾਭ ਲੈ ਸਕਦੇ ਹਨ?

50 ਕਰਮਚਾਰੀਆਂ ਤਕ ਵਾਲੇ ਬਿਜ਼ਨਿਸ ਆਪਣਿਆਂ ਕਰਮਚਾਰੀਆਂ ਲਈ ਪ੍ਰਾਈਵੇਟ ਕਾਰ ਸ਼ੇਅਰਿੰਗ (ਸਾਂਝ ਕਰਨ ਵਾਲੇ) ਨੈੱਟਵਰਕ ਬਣਾ ਸਕਦੇ ਹਨ। ਵੱਡੇ ਐਂਪਲੋਆਇਰਾਂ ਲਈ ਥੋੜ੍ਹੀ ਜਿਹੀ ਸਾਲਾਨਾ ਫੀਸ ਲਗਦੀ ਹੈ।

## ਹੋਰ ਜ਼ਿਆਦਾ ਕਿਵੇਂ ਪਤਾ ਕੀਤਾ ਜਾਵੇ?

**www.tripsharesestran.com** ਤੇ ਜਾਓ ਜਾਂ ਫੋਨ ਕਰੋ

0131 524 5150

**ਪੈਸੇ ਬਚਾਓ! ਆਵਾ ਜਾਈ ਵਾਲਾ ਭੀੜ–ਭੜਕਾ ਘੱਟ ਕਰੋ।**

**ਪ੍ਰਦੂਸ਼ਨ ਘਟਾਓ! ......... ਕਾਰ ਦੀ ਸਾਂਝ ਕਰੋ।**

SEStran South East of Scotland Transport Partnership

ਬੇਨਤੀ ਕਰਨ ਤੇ ਇਹ ਲੀਫਲੈੱਟ ਬਰੇਲ, ਟੇਪ, ਵੱਡੀ ਛਪਾਈ, ਕੰਪਿਊਟਰ ਤੇ ਤਿਆਰ ਕੀਤੇ ਗਏ ਕਈ ਰੂਪਾਂ ਵਿਚ ਅਤੇ ਭਾਈਚਾਰਿਆਂ ਦੀਆਂ ਜ਼ਬਾਨਾਂ ਵਿਚ 0131 524 5150 ਤੇ ਮਿਲ ਸਕਦਾ ਹੈ।

# ਟਰਿੱਪਸ਼ੇਅਰਸੈਂੱਸਟਰਨ.ਕੋਮ

## ਟਰਿੱਪਸ਼ੇਅਰ.ਕੋਮ

ਪਿੱਕ ਮੀ ਅੱਪ ਨਾਲ ਦਿਨ ਸ਼ੁਰੂ ਕਰੋ



## ਪੈਸੇ ਬਚਾਓ!
## ਆਵਾ ਜਾਈ ਦੀ ਭੀੜ ਘੱਟ ਕਰੋ!
## ਪ੍ਰਦੂਸ਼ਨ ਨੂੰ ਘੱਟ ਕਰੋ।
## ......ਕਾਰ ਦੀ ਵਰਤੋਂ ਸਾਂਝ ਵਿਚ ਕਰੋ।

### ਟਰਿੱਪਸ਼ੇਅਰਸੈਂੱਸਟਰਨ.ਕੋਮ ਕਿਉਂ?

- ✓ ਇਹ ਮੁਫ਼ਤ ਹੈ
- ✓ ਇਸ ਦੀ ਵਰਤੋਂ ਕਰਨੀ ਭਰੋਸੇਮੰਦ ਅਤੇ ਆਸਾਨ ਹੈ
- ✓ ਇਹ ਕਾਰ ਜਾਂ ਟੈੱਕਸੀ ਰਾਹੀਂ ਕੀਤੀਆਂ ਜਾਣ ਵਾਲੀਆਂ ਯਾਤ੍ਰਾਵਾਂ ਨੂੰ ਮੈਚ(ਮਿਲਾਉਣਾ) ਕਰਾਉਂਦਾ ਹੈ
- ✓ ਇਸ ਵਿਚ ਪੈਦਲ ਤੁਰਨ ਅਤੇ ਸਾਈਕਲ ਵਾਲੀਆਂ ਯਾਤ੍ਰਾਵਾਂ ਦੇ ਵਿਕਲਪ ਸ਼ਾਮਿਲ ਹਨ
- ✓ ਇਹ ਕੇਵਲ ਮਰਦਾਂ–ਜਾਂ ਕੇਵਲ–ਇਸਤ੍ਰੀਆਂ ਵਾਲੇ ਵਿਕਲਪਾਂ ਦੀ ਪੇਸ਼ਕਸ਼ ਕਰਦਾ ਹੈ
- ✓ ਇਹ ਐੱਸ ਈ ਸਕੌਟਲੈਂਡ ਜਾਂ ਪੂਰੇ ਯੂ ਕੇ ਦੀਆਂ ਯਾਤ੍ਰਾਵਾਂ ਨੂੰ ਕਵਰ ਕਰਦਾ ਹੈ
- ✓ ਕਰਮਚਾਰੀਆਂ ਦੇ ਗਰੁੱਪ ਇਸ ਬਾਰੇ ਤਾਲਮੇਲ ਆਨਲਾਈਨ ਤੇ ਕਰ ਸਕਦੇ ਹਨ
- ✓ ਰੋਜ਼ਾਨ ਆਉਣਾ–ਜਾਣਾ, ਇਕ ਔਧੀ ਵਾਰੀ ਕਿਧਰੇ ਜਾਣਾ, ਜਾਂ ਕਿਸੇ ਵੱਡੇ ਟਰਿੱਪ ਤੇ ਜਾਣਾ–ਜਿਵੇਂ ਕਿ ਕਾਂਸਰਟਸ, ਜਾਂ ਸਪੋਰਟਿੰਗ ਉਤਸਵ